# BUDHA DAL PUBLIC SCHOOL PATIALA
## Final Examination (14 March 2023)
**Class - VIII**
**Paper - Punjabi**
**Set - A**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।


**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** **(5)**

ਸ਼ਿਵ ਕੁਮਾਰ ਸਮੁੱਚੀ ਨੌਜਵਾਨ ਪੀੜ੍ਹੀ ਦੇ ਦਿਲਾਂ ਦੀ ਧੜਕਨ ਅਖਵਾਉਂਦਾ ਹੈ। ਉਹ ਆਪਣੀ ਛੋਟੀ ਜਿਹੀ ਉਮਰ ਵਿੱਚ ਹੀ ਸਾਡੇ ਦਿਲਾਂ ਉੱਤੇ ਉਹ ਛਾਪ ਛੱਡ ਗਿਆ ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਉਸ ਦਾ ਜਨਮ 23 ਜੁਲਾਈ, 1936 ਈ. ਨੂੰ ਬੜਾ ਪਿੰਡ ਲੋਹਟੀਆ ਜ਼ਿਲ੍ਹਾ ਗੁਰਦਾਸਪੁਰ ਜੋ ਇਸ ਵੇਲੇ ਪਾਕਿਸਤਾਨ ਵਿੱਚ ਹੈ, ਵਿਖੇ ਹੋਇਆ। 1953 ਵਿੱਚ ਮੈਟ੍ਰਿਕ ਪਾਸ ਕਰਨ ਉਪਰੰਤ ਐੱਫ.ਐੱਸ.ਸੀ. ਕੀਤੀ। ਇਸ ਨੇ ਕਈ ਤਰ੍ਹਾਂ ਦੇ ਕੰਮ ਕੀਤੇ ਜਿਵੇਂ ਸਕੂਲ ਮਾਸਟਰੀ, ਪਟਵਾਰ, ਬੈਂਕ ਦੀ ਨੌਕਰੀ ਵੀ ਕੀਤੀ। ਪਰੰਤੂ ਉਸ ਨੂੰ ਸ਼ਾਇਰੀ ਤੋਂ ਬਿਨਾਂ ਕੋਈ ਵੀ ਕੰਮ ਰਾਸ ਨਾ ਆਇਆ। ਉਸ ਨੇ ਪੰਜਾਬੀ ਸਾਹਿਤ ਦੇ ਖਜ਼ਾਨੇ ਨੂੰ ਖੂਬ ਭਰਿਆ। ਉਹ ਮੁਸ਼ਾਇਰਿਆਂ ਵਿੱਚ ਜਾਂਦਾ ਤੇ ਆਪਣੀ ਕਵਿਤਾ ਨੂੰ ਰੱਜ ਕੇ ਸੁਣਾਉਂਦਾ ਤੇ ਖੂਬ ਵਾਹ! ਵਾਹ! ਲੁੱਟਦਾ। 'ਅਸਾਂ ਜੋਬਨ ਰੁੱਤੇ ਮਰਨਾ' ਕਵਿਤਾ ਦੇ ਬੋਲ ਉਸ ਨੂੰ ਭਰ ਜਵਾਨੀ ਵਿੱਚ ਹੀ ਸਾਡੇ ਕੋਲੋਂ ਹਮੇਸ਼ਾਂ ਲਈ ਖੋਹ ਕੇ ਲੈ ਗਏ। 6 ਮਈ, 1973 ਨੂੰ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ।

ੳ) ਸ਼ਿਵ ਕੁਮਾਰ ਦਾ ਜਨਮ ਕਦੋਂ ਹੋਇਆ?
ਅ) ਸ਼ਿਵ ਕੁਮਾਰ ਦਾ ਪਿੰਡ ਕਿਹੜੇ ਜ਼ਿਲ੍ਹੇ ਵਿੱਚ ਪੈਂਦਾ ਹੈ?
ੲ) ਸ਼ਿਵ ਕੁਮਾਰ ਨੇ ਕਿਹੜੇ - ਕਿਹੜੇ ਕੰਮ ਕੀਤੇ?
ਸ) ਕਿਹੜੀ ਭਾਸ਼ਾ ਦੇ ਸਾਹਿਤ ਦੇ ਖਜ਼ਾਨੇ ਨੂੰ ਸ਼ਿਵ ਕੁਮਾਰ ਨੇ ਖੂਬ ਭਰਿਆ?
ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ।** **(4)**



A-1

Scanned by Scanner Go

## ਵਿਆਕਰਨ

1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:

ੳ) ਜੜ੍ਹੀ ਤੇਲ ਦੇਣਾ

ਅ) ਫੜ੍ਹਾਂ ਮਾਰਨੀਆਂ (1×3=3)

ੲ) ਨੱਕ ਵਿੱਚ ਦਮ ਕਰਨਾ

2) ਹੇਠ ਲਿਖੇ ਅਖਾਣਾਂ ਦੇ ਅਰਥ ਲਿਖੋ:

ੳ) ਖਾਈਏ ਮਨ ਭਾਉਂਦਾ, ਪਹਿਨੀਏ ਜੱਗ ਭਾਉਂਦਾ (1×2=2)

ਅ) ਜਿਹੜੇ ਗੱਜਦੇ ਹਨ, ਉਹ ਵੱਸਦੇ ਨਹੀਂ

3) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:

ਬਾਲ, ਆਦਮੀ, ਕਵੀ, ਸੇਵਾਦਾਰ (½×4=2)

4) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:

ਪਹਾੜੀ, ਮਾਂ, ਕਥਾ, ਗੂੰਗਾ (½×4=2)

5) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:

ਗੁਰੂ, ਮੰਗਤਾ, ਬਹਾਦਰ, ਆਸਤਕ (½×4=2)

6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ:

ਸਹਿ, ਪੜ (1×2=2)

7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ:

ਈਲਾ, ਬਾਜ਼ (1×2=2)

8) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:

ੳ) ਜਿੱਥੇ ਘੋੜੇ ਬੰਨ੍ਹੇ ਜਾਂਦੇ ਹਨ। (1×2=2)

ਅ) ਸਾਰੇ ਪਿੰਡ ਦੀ ਸਾਂਝੀ ਥਾਂ

9) ਹੇਠ ਲਿਖੇ ਸਮਾਨਾਰਥਕ ਸ਼ਬਦਾਂ ਦੇ ਦੋ-ਦੋ ਸ਼ਬਦ ਬਣਾਓ:

ਜ਼ੁਲਮ, ਤਰੱਕੀ (1×2=2)

10) ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਦੇ ਅਰਥ ਲਿਖ ਕੇ ਦੋ-ਦੋ ਵਾਕ ਬਣਾਓ:

ਖੱਟੀ, ਕਾਲ (2×2=4)

11) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:

ਸੂਰਜ, ਪਰਾਰਥਨਾ, ਸਧਾਰਣ, ਵਪਾਰਿਨ (½×4=2)

A2

Scanned by Scanner Go

12) **ਹੇਠ ਲਿਖੇ ਵਾਕ ਵਿੱਚ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ:** (1)

ਪਿਤਾ ਨੇ ਪੁੱਤਰ ਨੂੰ ਕਿਹਾ ਨਲਾਇਕ ਕੰਮਚੋਰ ਆਲਸੀ ਤੇ ਲਾਪਰਵਾਹ ਬੱਚੇ ਕਦੀ ਸਫਲ ਨਹੀਂ ਹੁੰਦੇ

13) **ਹੇਠ ਲਿਖੇ ਵਾਕ ਵਿੱਚੋਂ ਕਾਰਕ ਸ਼ਬਦ ਚੁਣ ਕੇ ਉਸ ਦੀ ਕਿਸਮ ਲਿਖੋ:** (1)

ਓਏ ਮੂਰਖਾ! ਸੋਚ ਸਮਝ ਕੇ ਗੱਲ ਕਰਿਆ ਕਰ।

14) **ਹੇਠ ਲਿਖੇ ਵਾਕ ਵਿੱਚੋਂ ਯੋਜਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (1)

ਖੂਬ ਮਿਹਨਤ ਕਰੋ ਕਿਉਂਕਿ ਮਿਹਨਤ ਫਲ ਦਿੰਦੀ ਹੈ।

15) **ਹੇਠ ਲਿਖੇ ਵਾਕ ਵਿੱਚੋਂ ਵਿਸਮਿਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (1)

ਜੀ ਆਇਆ ਨੂੰ! ਤੁਹਾਡਾ ਆਉਣਾ ਸਿਰ ਮੱਥੇ।

## ਪਾਠ ਪੁਸਤਕਾਂ ਤੇ ਅਧਾਰਿਤ

1) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਪੰਜ):** (1×5=5)

ੳ) ਗੁਰੂਆਂ ਨੇ ਔਰਤਾਂ ਨੂੰ ਕੀ ਪ੍ਰਦਾਨ ਕੀਤਾ ਹੈ?

ਅ) ਲੇਖਕ ਨੇ ਕੈਲੇਫੋਰਨੀਆਂ ਵਿੱਚ ਆਪਣਿਆਂ ਵਿੱਚ ਰਹਿਣ ਲਈ ਕੀ ਕੀਤਾ?

ੲ) ਨੀਰਜ ਚੋਪੜਾ ਦੇ ਸਭ ਤੋਂ ਪਹਿਲੇ ਕੋਚ ਕੌਣ ਸਨ?

ਸ) ਬੱਚਿਆਂ ਨੂੰ ਪੜ੍ਹਨ ਦਾ ਸਮਾਂ ਕਿਉਂ ਨਹੀਂ ਸੀ ਮਿਲ ਰਿਹਾ?

ਹ) ਜਿਸ ਘਰ ਵਿੱਚ ਕੁੜੀਆਂ ਚਰਖਾ ਕੱਤਣ ਲਈ ਇੱਕਠੀਆਂ ਹੁੰਦੀਆਂ ਹਨ, ਉਹ ਘਰ ਕਿਹੋ ਜਿਹਾ ਹੁੰਦਾ ਹੈ?

ਕ) ਲੇਖਕ ਕਿੰਨੇ ਸਾਲ ਅਮਰੀਕਾ ਰਿਹਾ ਸੀ?

2) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5-6 ਸਤਰਾਂ ਵਿੱਚ ਦਿਓ: (ਕੋਈ ਪੰਜ)** (5×3=15)

ੳ) ਜੇਕਰ ਧੀਆਂ ਨਾ ਹੋਣ ਤਾਂ ਕਿਹੜੇ-ਕਿਹੜੇ ਤਿਉਹਾਰ ਦੇ ਮੌਕੇ ਅਧੂਰੇ ਰਹਿ ਜਾਣਗੇ?

ਅ) ਤ੍ਰਿੰਞਣ ਵਿੱਚ ਕੱਤਣ ਵਾਲੀ ਹਰ ਕੁੜੀ ਦੀ ਕੀ ਇੱਛਾ ਹੁੰਦੀ ਹੈ?

ੲ) ਫੁੱਲਾਂ ਦੀ ਗੱਲ ਦਾ ਸੂਰਜ ਉੱਤੇ ਕੀ ਅਸਰ ਹੋਇਆ ਤੇ ਉਹ ਆਪਣੀ ਜਮਾਤ ਵਿੱਚ ਕਿਉਂ ਚਲਾ ਗਿਆ?

ਸ) ਸਰੀਰ ਦੇ ਪਿੱਛਲੇ ਹਿੱਸੇ ਵਿੱਚ ਸੱਟ ਲੱਗਣ ਨਾਲ ਨੀਰਜ ਨੂੰ ਕੀ ਮੁਸੀਬਤ ਸਹਿਣੀ ਪਈ?

ਹ) ਲੇਖਕ ਨੂੰ ਦੁੱਗਣੀ ਕੀਮਤ ਤੋਂ ਵੀ ਵੱਧ ਤੇ ਜ਼ਮੀਨ ਕਿਉਂ ਲੈਣੀ ਪਈ?

ਕ) ਮੰਮੀ ਨੇ ਤ੍ਰਿੰਞਣ ਬਾਰੇ ਕੀ ਦੱਸਿਆ?

3) **ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ:** (3×1=3)

ਕਰਮਚਾਰੀ, ਟੀਚਾ, ਪਰਿਵਾਰ

4) **ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** (2×1=2)

ਪੁੱਤਾਂ ਤੋਂ ਵੀ ਵੱਧ ਕੇ ਧੀਆਂ ਮਾਪਿਆਂ ਦੀ ਸੁੱਖ ਚਾਹੁਣ,
ਮੇਰੇ ਬਾਝੋਂ ਵੀਰੇ ਦੇ ਦੱਸ ਰੱਖਣੀ ਬੰਨ੍ਹੂ ਕੌਣ।
ਭੈਣਾਂ ਨਾਲ ਹੀ ਸੋਂਹਦਾ ਜੱਗ 'ਤੇ ਵੀਰਾਂ ਦਾ ਪਰਿਵਾਰ ਨੀ ਅੰਮੀਏ,
ਕਿਸ ਨੂੰ ਦੱਸਾਂ ਦਰਦ ਕਹਾਣੀ, ਮੇਰੇ ਦਿਲ ਦੀ ਜਾਣ ਲੈ ਅੰਮੀਏ।

Scanned by Scanner Go

ੳ) ਇਹ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਕਵੀ ਦਾ ਨਾਮ ਲਿਖੋ।
ਅ) ਧੀਆਂ ਮਾਪਿਆਂ ਦੀ ਕੀ ਚਾਹੁੰਦੀਆਂ ਹਨ?

**5) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:** (2×1=2)

"ਨਹੀਂ ਬੱਚਿਆਂ ਦੀ ਪੜ੍ਹਾਈ ਨੂੰ ਅੱਖੋਂ ਓਹਲੇ ਕਰ ਕੇ ਕਦੇ ਕੋਈ ਸਕੂਲ ਸੁੰਦਰ ਨਹੀਂ ਬਣ ਸਕਦਾ। ਪੜ੍ਹਾਈ ਕਰਨ ਦਾ ਇਹੀ ਸਮਾਂ ਹੈ, ਜੋ ਹੋਰ ਸਭ ਕੰਮਾਂ ਤੋਂ ਵਧੇਰੇ ਜ਼ਰੂਰੀ ਹੈ। ਵਿਦਿਆਰਥੀਆਂ ਦਾ ਸਭ ਤੋਂ ਵੱਡਾ ਕੰਮ ਪੜ੍ਹਾਈ ਕਰਨਾ ਹੀ ਹੁੰਦਾ ਹੈ। ਹੋਰ ਕੋਈ ਵੀ ਕੰਮ ਇਸ ਤੋਂ ਵੱਧ ਜ਼ਰੂਰੀ ਨਹੀਂ ਹੋ ਸਕਦਾ।"

ੳ) ਉਪਰੋਕਤ ਪੈਰ੍ਹਾ ਕਿਸ ਕਹਾਣੀ ਦਾ ਹਿੱਸਾ ਹੈ ਤੇ ਕਹਾਣੀਕਾਰ ਦਾ ਨਾਮ ਲਿਖੋ।
ਅ) ਉਪਰਕੋਤ ਸ਼ਬਦ ਕਿਸ ਨੇ ਕਿਸ ਨੂੰ ਕਹੇ?

## ਲਿਖਣ-ਕੌਸ਼ਲ

**1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (8)

**ਅਖ਼ਬਾਰਾਂ ਦੇ ਲਾਭ ਤੇ ਹਾਨੀਆਂ**

ਨੁਕਤੇ -

ਜਾਣ-ਪਛਾਣ, ਅਖ਼ਬਾਰਾਂ ਦੀਆਂ ਕਿਸਮਾਂ, ਅਖ਼ਬਾਰਾਂ ਦੇ ਲਾਭ, ਤਾਜ਼ੀਆਂ ਖਬਰਾਂ ਦਾ ਮਿਲਣਾ, ਆਮ ਜਾਣਕਾਰੀ ਦਾ ਸਾਧਨ, ਨੌਜਵਾਨਾਂ ਲਈ ਲਾਭਦਾਇਕ, ਵਪਾਰਕ ਲਾਭ, ਰਾਜਨੀਤਕ ਆਗੂਆਂ ਦੇ ਵਿਚਾਰ, ਰੱਦੀ ਵੇਚਣਾ, ਅਖ਼ਬਾਰਾਂ ਦੀਆਂ ਹਾਨੀਆਂ, ਭੜਕਾਊ ਵਿਚਾਰ, ਅਸ਼ਲੀਲ ਚਿੱਤਰ ਤੇ ਕਹਾਣੀਆਂ, ਅਖ਼ਬਾਰਾਂ ਤੋਂ ਲਾਭ ਉਠਾਓ, ਸਾਰੰਸ਼।

**ਜਾਂ**

**ਸ਼ਹੀਦ ਭਗਤ ਸਿੰਘ**

ਨੁਕਤੇ -

ਜਾਣ-ਪਛਾਣ, ਜਨਮ ਤੇ ਮਾਤਾ-ਪਿਤਾ, ਵਿੱਦਿਆ ਪ੍ਰਾਪਤੀ, ਰਾਜਸੀ ਜੀਵਨ, ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ, ਅਸੈਂਬਲੀ ਵਿੱਚ ਬੰਬ ਸੁੱਟਣਾ, ਮੁਕੱਦਮਾ ਚੱਲਣਾ, ਫਾਂਸੀ ਦੀ ਸਜ਼ਾ, ਸਾਰੰਸ਼।

2) ਆਪਣੇ ਪਿਤਾ ਜੀ ਨੂੰ ਚਿੱਠੀ ਲਿਖ ਕੇ ਦੱਸੋ ਕਿ ਤੁਹਾਡੇ ਇਮਤਿਹਾਨ ਕਿਹੋ ਜਿਹੇ ਹੋਏ ਹਨ। (7)

**ਜਾਂ**

ਨਗਰ ਨਿਗਮ ਦੇ ਪ੍ਰਧਾਨ ਨੂੰ ਇਲਾਕੇ ਦੀ ਸਫ਼ਾਈ ਅਤੇ ਬਿਜਲੀ ਦੀ ਮਾੜੀ ਹਾਲਤ ਬਾਰੇ ਦੱਸਦੇ ਹੋਏ ਬਿਨੈ-ਪੱਤਰ ਲਿਖੋ।


Scanned by Scanner Go

# BUDHA DAL PUBLIC SCHOOL PATIALA
## Final Examination (14 March 2023)
**Class - VIII**
**Paper - Punjabi**
**Set - B**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

### ਪੜ੍ਹਨ-ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5)

ਪੰਜਾਬੀ ਸੱਭਿਆਚਾਰ ਬਹੁਤ ਪੁਰਾਣਾ ਤੇ ਅਮੀਰ ਹੈ। ਇਸ ਦੇ ਮੇਲੇ, ਤਿਉਹਾਰ, ਰਸਮ-ਰਿਵਾਜ਼, ਲੋਕ-ਗੀਤ, ਲੋਕ-ਨਾਚ, ਰਹਿਣ-ਸਹਿਣ, ਪਹਿਰਾਵਾ ਸਭ ਇਸ ਦਾ ਇੱਕ ਹਿੱਸਾ ਹਨ। ਪੰਜਾਬੀ ਮੇਲਿਆਂ ਅਤੇ ਤਿਉਹਾਰਾਂ ਦੇ ਬਹੁਤ ਸ਼ੁਕੀਨ ਹਨ। ਪੰਜਾਬੀ ਸੱਭਿਆਚਾਰ ਦਾ ਅਸਲੀ ਰੰਗ-ਢੰਗ ਵੇਖਣਾ ਹੋਵੇ ਤਾਂ ਮੇਲਿਆਂ ਵਿੱਚ ਜਾ ਕੇ ਹੀ ਪਤਾ ਲੱਗਦਾ ਹੈ। ਇਸ ਤਰ੍ਹਾਂ ਹੀ ਤਿਉਹਾਰ ਹਨ। ਤਿਉਹਾਰ ਸਾਲ ਵਿੱਚ ਵਾਰੀ-ਵਾਰੀ ਚੱਕਰ ਲਾਉਂਦੇ ਰਹਿੰਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਇੱਕ ਪੰਜਾਬੀ, ਲੋਕ-ਗੀਤਾਂ ਵਿੱਚ ਹੀ ਜਨਮ ਲੈਂਦਾ ਹੈ ਤੇ ਲੋਕ-ਗੀਤਾਂ ਵਿੱਚ ਹੀ ਮਰਦਾ ਹੈ। ਪੰਜਾਬ ਦੇ ਰਸਮ-ਰਿਵਾਜ਼ ਵੀ ਜਨਮ ਤੋਂ ਮਰਨ ਤੱਕ ਹੀ ਚਲਦੇ ਹਨ। ਪੰਜਾਬ ਦੇ ਲੋਕ-ਨਾਚ, ਗਿੱਧਾ, ਭੰਗੜਾ, ਝੂੰਮਰ, ਕਿੱਕਲੀ ਆਦਿ ਸੱਭਿਆਚਾਰ ਦੇ ਮੁੱਖ ਅੰਗ ਹਨ। ਪੰਜਾਬੀਆਂ ਦੇ ਰਹਿਣ-ਸਹਿਣ, ਪਹਿਰਾਵੇ ਤੋਂ ਪੰਜਾਬੀਆਂ ਦੀ ਦੂਰੋਂ ਹੀ ਪਛਾਣ ਹੋ ਜਾਂਦੀ ਹੈ। ਤਾਹੀਓਂ ਤਾਂ ਆਖਦੇ ਹਨ, ਪੰਜਾਬੀ ਹਜ਼ਾਰਾਂ ਵਿੱਚ ਖੜ੍ਹਾ ਵੀ ਦੂਰੋਂ ਪਛਾਣਿਆ ਜਾਂਦਾ ਹੈ।

ੳ) ਪੰਜਾਬੀ ਕਿਸ ਚੀਜ਼ ਦੇ ਬਹੁਤ ਸ਼ੁਕੀਨ ਹਨ?
ਅ) ਪੰਜਾਬੀ ਸੱਭਿਆਚਾਰ ਦਾ ਅਸਲੀ ਰੰਗ ਢੰਗ ਕਿੱਥੇ ਵੇਖਣ ਨੂੰ ਮਿਲਦਾ ਹੈ?
ੲ) ਪੰਜਾਬ ਦੇ ਲੋਕ-ਨਾਚ, ਗਿੱਧਾ, ਭੰਗੜਾ, ਝੂਮਰ, ਕਿੱਕਲੀ ਕਿਸ ਦੇ ਮੁੱਖ ਅੰਗ ਹਨ?
ਸ) ਹਜ਼ਾਰਾਂ ਵਿੱਚ ਖੜ੍ਹਾ ਕੌਣ ਪਛਾਣਿਆ ਜਾਂਦਾ ਹੈ?
ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ। (4)




B-1

Scanned by Scanner Go

## ਵਿਆਕਰਨ

1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:

ੳ) ਚਿਹਰਾ ਉਤਰਿਆ ਹੋਣਾ

ਅ) ਟੱਕਰ ਲੈਣੀ (1×3=3)

ੲ) ਪੈਰ ਧੋ-ਧੋ ਕੇ ਪੀਣਾ

2) ਹੇਠ ਲਿਖੇ ਅਖਾਣਾਂ ਦੇ ਅਰਥ ਲਿਖੋ: (1×2=2)

ੳ) ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ

ਅ) ਕੁਛੜ ਕੁੜੀ ਤੇ ਸ਼ਹਿਰ ਢੰਡੋਰਾ

3) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (½×4=2)

ਸੰਦੂਕ, ਨਵਾਬ, ਤੇਲੀ, ਜਾਦੂਗਰ

4) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (½×4=2)

ਕੁੜੀ, ਹਵਾ, ਛਾਂ, ਮੰਜਾ

5) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (½×4=2)

ਉਦੱਮੀ, ਲੋਭੀ, ਸਿਆਣਾ, ਚੜ੍ਹਾਈ

6) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ: (1×2=2)

ਸਵੈ, ਬਦ

7) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸ਼ਬਦ ਬਣਾਓ: (1×2=2)

ਆਣੀ, ਸਾਰ

8) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (1×2=2)

ੳ) ਹੀਰਿਆਂ ਦੀ ਪਰਖ ਕਰਨ ਵਾਲਾ

ਅ) ਜਿਹੜੀ ਬੋਲੀ ਮਾਂ ਦੀ ਗੋਦ ਵਿੱਚ ਸਿੱਖੀ ਜਾਵੇ

9) ਹੇਠ ਲਿਖੇ ਸਮਾਨਾਰਥਕ ਸ਼ਬਦਾਂ ਦੇ ਦੋ-ਦੋ ਸ਼ਬਦ ਬਣਾਓ: (1×2=2)

ਪੌਣ, ਅਪਮਾਨ

10) ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਦੇ ਅਰਥ ਲਿਖ ਕੇ ਦੋ-ਦੋ ਵਾਕ ਬਣਾਓ: (2×2=4)

ਫੁੱਲ, ਡੰਡੀ

11) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (½×4=2)

ਹਿਮਾਲਜ, ਪਰਧਾਨ, ਦੁਪੈਹਰ, ਰਾਸ਼ਟ੍ਰੀ

B-2

Scanned by Scanner Go

12) ਹੇਠ ਲਿਖੇ ਵਾਕ ਵਿੱਚ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਤੋਂ ਲਿਖੋ: (1)

ਅਧਿਆਪਕ ਨੇ ਕਿਹਾ ਬੱਚਿਉ ਪਹਿਲਾਂ ਸੁਤੰਤਰਤਾ ਸੰਗਰਾਮ ਨੂੰ ਕਿੰਨਾ ਸਮਾਂ ਹੋ ਗਿਆ ਹੈ

13) ਹੇਠ ਲਿਖੇ ਵਾਕ ਵਿੱਚੋਂ ਕਾਰਕ ਸ਼ਬਦ ਚੁਣ ਕੇ ਉਸ ਦੀ ਕਿਸਮ ਲਿਖੋ: (1)

ਮਾਮਾ ਜੀ ਮਾਂ ਲਈ ਸੂਟ ਲਿਆਏ।

14) ਹੇਠ ਲਿਖੇ ਵਾਕ ਵਿੱਚੋਂ ਯੋਜਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (1)

ਮੋਹਨ ਅਤੇ ਸੋਹਨ ਇੱਕੋ ਜਮਾਤ ਵਿੱਚ ਪੜ੍ਹਦੇ ਹਨ।

15) ਹੇਠ ਲਿਖੇ ਵਾਕ ਵਿੱਚੋਂ ਵਿਸਮਿਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (1)

ਸ਼ਾਬਾਸ਼! ਮੈਨੂੰ ਤੇਰੇ ਤੋਂ ਇਹੀ ਆਸ ਸੀ।

## ਪਾਠ ਪੁਸਤਕਾਂ ਤੇ ਅਧਾਰਿਤ

1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਪੰਜ): (1×5=5)

ੳ) ਮਾਂ ਅੱਗੇ ਫਰਿਆਦ ਕੌਣ ਕਰ ਰਿਹਾ ਹੈ?

ਅ) ਲੇਖਕ ਅਮਰੀਕਾ ਕਿਵੇਂ ਪਹੁੰਚ ਗਿਆ?

ੲ) ਨੀਰਜ ਦੀ ਖੇਡ ਕਿਸ ਨਾਲ ਪ੍ਰਭਾਵਿਤ ਹੋਈ?

ਸ) ਸੂਰਜ ਦੇ ਸਕੂਲ ਦੇ ਬੱਚਿਆਂ ਨੂੰ ਸਜ਼ਾ ਦੇ ਰੂਪ ਵਿੱਚ ਕੀ ਕਰਨਾ ਪੈਂਦਾ ਸੀ?

ਹ) ਚਰਖਾ ਕੱਤਦੀਆਂ ਕੁੜੀਆਂ ਅਕੇਵਾਂ ਦੂਰ ਕਰਨ ਲਈ ਕੀ ਕਰਦੀਆਂ ਹਨ?

ਕ) ਸੂਰਜ ਜਦੋਂ ਫੁੱਲਾਂ ਨੂੰ ਪਾਣੀ ਦੇ ਰਿਹਾ ਸੀ ਤਾਂ ਉਸਨੇ ਕਿਸਨੂੰ ਰੋਂਦੇ ਵੇਖਿਆ?

2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5-6 ਸਤਰਾਂ ਵਿੱਚ ਦਿਓ: (ਕੋਈ ਪੰਜ) (5×3=15)

ੳ) ਕਿਸੇ ਕੁੜੀ ਦਾ ਚਰਖਾ ਕੱਤਦੀ ਦਾ ਅੱਧ ਵਿੱਚੋਂ ਉੱਠ ਕੇ ਜਾਣਾ ਠੀਕ ਕਿਉਂ ਨਹੀਂ ਸਮਝਿਆ ਜਾਂਦਾ?

ਅ) ਸਕੂਲਾਂ ਵਿੱਚ ਸਵੱਛਤਾ ਅਭਿਆਨ ਕਿਵੇਂ ਚੱਲਦਾ ਹੈ?

ੲ) ਜੈ ਵੀਰ ਚੌਧਰੀ ਨੇ ਨੀਰਜ ਦੇ ਹੁਨਰ ਨੂੰ ਕਿੱਥੇ ਪਛਾਣਿਆ?

ਸ) ਆਪਣੇ ਰਿਸ਼ਤੇਦਾਰਾਂ ਨੂੰ ਆਪਣੇ ਕੋਲ ਕੈਲੇਫੋਰਨੀਆ ਬੁਲਾਉਣ ਤੋਂ ਮਗਰੋਂ ਲੇਖਕ ਪਛਤਾਇਆ ਕਿਉਂ?

ਹ) ਅਣਜੰਮੀ ਧੀ ਆਪਣੀ ਮਾਂ ਨੂੰ ਕੀ ਦਲੀਲਾਂ ਦਿੰਦੀ ਹੈ ਤਾਂ ਜੋ ਉਹ ਉਸਨੂੰ ਕੁੱਖ ਵਿੱਚ ਨਾ ਮਾਰੇ?

ਕ) ਹਾਥੀ ਦੀ ਕਿਹੜੀ ਪਹਿਚਾਣ ਪਾਠ ਵਿੱਚ ਦਰਸਾਈ ਗਈ ਹੈ?

3) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ: (3×1=3)

ਕਾਮਯਾਬ, ਸਫ਼ਾਈ, ਮੁਟਿਆਰਾਂ

4) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ: (2×1=2)

ਮਾਂ ਤੇ ਧੀ ਦੇ ਰਿਸ਼ਤੇ ਵਰਗਾ ਦਿਸਦਾ ਰਿਸ਼ਤਾ ਕਿਹੜਾ,<br>
ਇੱਕ ਦੂਜੇ ਦੇ ਦੁੱਖੜੇ ਸੁਣਕੇ ਦਰਦ ਵੰਡਾਏ ਜਿਹੜਾ।<br>
ਮਾਵਾਂ-ਧੀਆਂ ਮਿਲ ਕੇ ਹੌਲਾ ਕਰਨ ਦਿਲਾਂ ਦਾ ਭਾਰ ਨੀ ਅੰਮੀਏ,<br>
ਕਿਸ ਨੂੰ ਦੱਸਾਂ ਦਰਦ ਕਹਾਣੀ, ਮੇਰੇ ਦਿਲ ਦੀ ਜਾਣ ਲੈ ਅੰਮੀਏ।

B-3

Scanned by Scanner Go

ੳ) ਇਹ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਕਵੀ ਦਾ ਨਾਮ ਲਿਖੋ।

ਅ) ਇਨ੍ਹਾਂ ਕਾਵਿ-ਸਤਰਾਂ ਵਿੱਚ ਕਿਸਦੇ ਰਿਸ਼ਤੇ ਦੀ ਗੱਲ ਕੀਤੀ ਗਈ ਹੈ?

5) **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:** **(2×1=2)**

"ਜਿੱਥੇ ਕੁਝ ਕੁੜੀਆਂ ਅਤੇ ਵੱਡੀ ਉਮਰ ਦੀਆਂ ਔਰਤਾਂ ਇੱਕਠੀਆਂ ਬੈਠ ਕੇ ਚਰਖਾ ਕੱਤਦੀਆਂ ਹਨ, ਉਸਨੂੰ ਤ੍ਰਿੰਞਣ ਆਖਦੇ ਹਨ। ਕਈ ਵਾਰ ਰਾਤਾਂ ਨੂੰ ਜਾਂ ਕਈ ਵਾਰ ਦੁਪਹਿਰਾਂ ਨੂੰ ਵਿਹਲੇ ਸਮੇਂ ਵੀ ਚਰਖਾ ਕੱਤ ਲਿਆ ਜਾਂਦਾ ਹੈ।"

ੳ) ਉਪਰੋਕਤ ਪੈਰ੍ਹਾ ਕਿਸ ਕਹਾਣੀ ਦਾ ਹਿੱਸਾ ਹੈ ਤੇ ਕਹਾਣੀਕਾਰ ਦਾ ਨਾਮ ਲਿਖੋ।

ਅ) ਉਪਰਕੋਤ ਸ਼ਬਦ ਕਿਸ ਨੇ ਕਿਸ ਨੂੰ ਕਹੇ?

## ਲਿਖਣ-ਕੌਸ਼ਲ

1) **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** **(8)**

**ਪ੍ਰਦੂਸ਼ਣ ਦੀ ਸਮੱਸਿਆ**

ਨੁਕਤੇ -

ਜਾਣ-ਪਛਾਣ, ਪ੍ਰਦੂਸ਼ਕ, ਪ੍ਰਦੂਸ਼ਣ ਦੀਆਂ ਕਿਸਮਾਂ, ਵਾਯੂ ਪ੍ਰਦੂਸ਼ਣ, ਮਿੱਟੀ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਧੁਨੀ ਪ੍ਰਦੂਸ਼ਣ, ਵੱਖ-ਵੱਖ ਪ੍ਰਦੂਸ਼ਣ ਰੋਕਣ ਦੇ ਉਪਾਅ, ਸਾਰੰਸ਼।

**ਜਾਂ**

**ਭ੍ਰਿਸ਼ਟਾਚਾਰ**

ਨੁਕਤੇ -

ਜਾਣ-ਪਛਾਣ, ਭ੍ਰਿਸ਼ਟਾਚਾਰ ਇੱਕ ਬਿਮਾਰੀ, ਭ੍ਰਿਸ਼ਟਾਚਾਰ ਦੀ ਜ਼ਿੰਮੇਵਾਰੀ, ਭ੍ਰਿਸ਼ਟਾਚਾਰ ਦਾ ਅੱਜ ਦੇ ਸਮੇਂ ਤੇ ਅਸਰ, ਅਲੱਗ-ਅਲੱਗ ਵਿਭਾਗਾਂ ਵਿੱਚ ਭ੍ਰਿਸ਼ਟਾਚਾਰ, ਅੱਜ ਅਤੇ ਕੱਲ੍ਹ 'ਤੇ ਭ੍ਰਿਸ਼ਟਾਚਾਰ ਦਾ ਅਸਰ, ਸਾਰੰਸ਼।

2) ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਘਰ ਦੇ ਹਾਲਾਤ ਦੱਸਦੇ ਹੋਏ ਫੀਸ ਮੁਆਫ਼ੀ ਲਈ ਬਿਨੈ-ਪੱਤਰ ਲਿਖੋ। **(7)**

**ਜਾਂ**

ਤੁਹਾਡਾ ਛੋਟਾ ਭਰਾ ਮੋਬਾਇਲ ਫੋਨ ਦੀ ਬੇਲੋੜੀ ਵਰਤੋਂ ਕਰਦਾ ਹੈ। ਉਸਨੂੰ ਇਸਦੀ ਬਹੁਤ ਵਰਤੋਂ ਦੇ ਨੁਕਸਾਨ ਦੱਸਦੇ ਹੋਏ ਪੱਤਰ ਲਿਖੋ।



Scanned by Scanner Go